1. ਪੰਜਾਬ ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)

2. ਪੰਜਾਬ ਰਾਜ ਦੇ ਸਕੂਲ ਮੁੱਖੀ (ਬੈੱਵ ਸਾਈਟ ਰਾਹੀਂ)

ਮੀਮੋ ਨੰ ਐਮਡੀਐਮਸੀ/09/9246
ਮਿਤੀ ਚੰਡੀਗੜ੍ਹ 18 ਦਸੰਬਰ, 2009

**ਵਿਸ਼ਾ** **ਪੰਜਾਬ ਰਾਜ ਦੇ ਮਿਡਲ ਸਕੂਲ, ਹਾਈ ਸਕੂਲ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਵਿੱਚ ਮਿਡ ਡੇ ਮੀਲ ਦੇ ਕੰਮ ਨੂੰ ਵੇਖਣ ਬਾਰੇ ।**

1.0 ਉਪਰੋਕਤ ਵਿਸ਼ੇ ਤੇ ਇਸ ਦਫਤਰ ਦੇ ਪੱਤਰ ਨੰ ਐਮਡੀਐਮਸੀ/20088 ਮਿਤੀ 5.11.2008 ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਪੰਜਾਬ ਰਾਜ ਦੇ ਸਮੂਹ ਸਕੂਲ ਮੁੱਖੀਆਂ ਦੇ ਨਾਲ ਐਜੂਸੈਂਟ ਰਾਹੀਂ 27.11.2009 ਨੂੰ ਹੋਈ ਮੀਟਿੰਗ ਵਿੱਚ ਇਹ ਗੱਲ ਕਾਫੀ ਵਿਸਥਾਰਪੂਰਵਕ ਵਿਚਾਰੀ ਗਈ ਸੀ ਕਿ ਸਕੂਲਾਂ ਵਿੱਚ ਵਿਸ਼ੇਸ਼ ਕਰਕੇ ਮਿਡਲ, ਹਾਈ, ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਮਿਡ ਡੇ ਮੀਲ ਦੇ ਕੰਮ ਨੂੰ ਵੇਖਣ ਲਈ ਕਿਸ ਅਧਿਆਪਕ ਦੀ ਡਿਊਟੀ ਲਗਾਈ ਜਾਵੇ। ਇਸ ਮੁੱਦੇ ਤੇ ਸਮੇਂ ਸਮੇਂ ਸਿਰ ਪ੍ਰਤਿਬੇਨਤੀਆਂ ਵੀ ਆਉਂਦੀਆਂ ਰਹੀਆ ਹਨ ਅਤੇ ਪੰਜਾਬ ਰਾਜ ਦੇ ਸਕੂਲਾਂ ਵਿੱਚ ਵਿਸ਼ੇਸ਼ ਕਰਕੇ ਮੈਥ ਅਤੇ ਸਾਇੰਸ ਦੀ ਮਹੱਤਤਾ ਨੂੰ ਵੇਖਦੇ ਹੋਇਆ ਅਤੇ ਇਨ੍ਹਾ ਵਿਸ਼ਿਆਂ ਦੀਆ ਖਾਲੀ ਅਸਾਮੀਆਂ ਨੂੰ ਵੇਖਦੇ ਹੋਇਆ ਇਹ ਹਦਾਇਤਾਂ ਵੀ ਕੀਤੀਆ ਗਈਆਂ ਸਨ ਕਿ ਇਹ ਕੰਮ ਪੀ.ਟੀ.ਆਈ., ਡੀ.ਪੀ.ਈ., ਡਰਾਇੰਗ ਟੀਚਰ, ਸਿਲਾਈ ਟੀਚਰ ਜਾਂ ਐਸ.ਐਲ.ਏ. ਨੂੰ ਦੇ ਦਿੱਤਾ ਜਾਵੇ ।

3.0 ਪਰੰਤੂ ਇਹ ਆਮ ਵੇਖਣ ਵਿੱਚ ਆਇਆ ਹੈ ਕਿ ਇਨ੍ਹਾਂ ਹਦਾਇਤਾਂ ਨੂੰ ਠੀਕ ਢੰਗ ਲਾਲ ਨਾ ਸਮਝਣ ਦੀ ਵਜ੍ਹਾ ਕਰਕੇ ਕਈ ਸਕੂਲ ਮੁੱਖੀਆਂ ਵੱਲੋਂ ਪੰਜਾਬੀ ਅਤੇ ਹਿੰਦੀ ਅਧਿਆਪਕਾਂ ਦੀ ਡਿਊਟੀ ਸਿਰਫ ਇਸੀ ਗੱਲ ਕਰਕੇ ਲਗਾ ਦਿੱਤੀ ਜਾਂਦੀ ਹੈ ਕਿ ਮਿਡ-ਡੇ-ਮੀਲ ਦੇ ਕੰਮ ਨੂੰ ਵੇਖਣ ਦੀ ਜਿੰਮੇਵਾਰੀ ਵਿਭਾਗ ਵੱਲੋਂ ਉਹਨਾਂ ਦੀ ਹੀ ਲਗਾਈ ਗਈ ਹੈ ਜਦੋਂ ਕਿ ਵਿਭਾਗ ਵੱਲੋਂ ਇਸ ਤਰ੍ਹਾਂ ਦੀਆ ਹਦਾਇਤਾਂ ਕਦੇ ਵੀ ਨਹੀਂ ਕੀਤੀਆ ਗਈਆਂ ਸਨ । ਹਿਹ ਸਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੀ ਸਕੂਲ ਵਿੱਚ ਹਿੰਦੀ ਜਾਂ ਪੰਜਾਬੀ ਦੇ ਅਧਿਆਪਕ ਦੇ ਪਾਸ ਕੰਮ

ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ,ਪੰਜਾਬ
ਐਸ.ਸੀ.ਓ ਨੰ:104-106,ਦੂਜੀ-ਤੀਜੀ ਮੰਜ਼ਿਲ,ਸੈਕਟਰ 34-ਏ,
ਚੰਡੀਗੜ੍ਹ

ਸੇਵਾ ਵਿਖੇ,

1. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ),
2. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ),
3. ਸਮੂਹ ਸਕੂਲ ਮੁੱਖੀ (ਵੈਬਸਾਇਟ ਰਾਹੀਂ),

ਪੰਜਾਬ ਰਾਜ।

ਮੀਮੋ ਨੰ. ਐਮ.ਡੀ.ਐਮ.ਸੀ./ਜੀ.ਐਮ./2010/4664-4704
ਮਿਤੀ 21/07/2010

**ਵਿਸ਼ਾ:- ਸਕੂਲਾਂ ਵਿੱਚ ਮਿਡ-ਡੇ-ਮੀਲ ਦੇ ਚਾਰਜ਼ ਸਬੰਧੀ।**

**1.0** ਉਪਰੋਕਤ ਵਿਸ਼ੇ ਤੇ ਇਸ ਦਫ਼ਤਰ ਦੇ ਪੱਤਰ ਨੰ. ਐਮ.ਡੀ.ਐਮ.ਸੀ./ਜੀ.ਐਮ./2010/2123 ਮਿਤੀ 07.06.2010 ਦੇ ਹਵਾਲੇ ਵਿੱਚ।

**2.0** ਇਸ ਦਫ਼ਤਰ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ ਕਿ ਸਰਕਾਰੀ ਸਕੂਲਾਂ ਵਿੱਚ ਚੱਲ ਰਹੇ ਮਿਡ-ਡੇ-ਮੀਲ ਦਾ ਚਾਰਜ਼ ਪੀ.ਟੀ.ਆਈ, ਡਰਾਇੰਗ ਅਧਿਆਪਕਾਂ ਜਾ ਹੋਰਨਾਂ ਨੂੰ ਦਿੱਤਾ ਗਿਆ ਹੈ।ਇਨ੍ਹਾਂ ਅਧਿਆਪਕਾਂ ਨੂੰ ਸਿਰਫ਼ ਕਾਗਜਾਂ ਵਿੱਚ ਹੀ ਅਰਥਾਤ ਆਰਡਰ ਬੁੱਕ ਤੇ ਹੀ ਚਾਰਜ਼ ਦਿੱਤਾ ਗਿਆ ਹੈ ਜਦਕਿ ਅਸਲਿਅਤ ਮੁਤਾਬਿਕ ਕੁੱਝ ਸਕੂਲ ਮੁੱਖੀਆਂ ਵੱਲੋਂ ਮਿਡ-ਡੇ-ਮੀਲ ਦੀ ਕੈਸ਼-ਬੁੱਕ ਅਤੇ ਸਟਾਕ ਰਜਿਸਟਰਾਂ ਦੇ ਲੇਖੇ ਜੋਖੇ ਖੁਦ ਹੀ ਕੀਤੇ ਜਾ ਰਹੇ ਹਨ।

**3.0** ਆਪ ਜੀ ਨੂੰ ਹਦਾਇਤ ਕੀਤੀ ਗਈ ਸੀ ਕਿ ਜਿਸ ਅਧਿਆਪਕ ਨੂੰ ਮਿਡ-ਡੇ-ਮੀਲ ਦਾ ਇੰਨਚਾਰਜ਼ ਬਣਾਇਆ ਹੈ ਉਸ ਵੱਲੋਂ ਹੀ ਕੈਸ਼ ਅਤੇ ਅਨਾਜ ਦਾ ਰਿਕਾਰਡ ਰੱਖਿਆ ਜਾਵੇ।ਇਸ ਲਈ ਆਪ ਨੂੰ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਸਬੰਧੀ ਕੀਤੀ ਗਈ ਗਈ ਕਾਰਵਾਈ ਬਾਰੇ ਨਿਮਨ-ਹਸਤਾਖ਼ਰ ਨੂੰ ਤੁਰੰਤ ਪਾਲਣਾ ਰਿਪੋਰਟ ਭੇਜੀ ਜਾਵੇ।